BCM School Basant Avenue Dugri Ludhiana

Assignment VIII Punjabi

ਪ੍ਰਸ਼ਨ-1.ਅਣਡਿੱਠਾ ਪੈਰਾ

ਸ਼ਾਮ ਦੀ ਸੈਰ ਵੀ ਕਿੰਨੀ ਗੁਣਕਾਰੀ, ਸੁਹਾਵਣੀ ਤੇ ਸਵਾਸਥ-ਵਰਧਕ ਹੁੰਦੀ ਹੈ। ਸਾਰੇ ਦਿਨ ਦੀ ਮਿਹਨਤ ਨਾਲ ਤਨ-ਮਨ ਦੇ ਮੈਲੇ ਹੋਏ ਕੱਪੜੇ ਸ਼ਾਮ ਦੀ ਸੈਰ ਦੇ ਸਰਫ਼ ਨਾਲ ਤੁਰੰਤ ਸਾਫ਼ ਹੋ ਜਾਂਦੇ ਹਨ, ਦਿਮਾਗ਼ ਉੱਜਲ ਹੋ ਜਾਂਦਾ ਹੈ, ਬੁੱਧੀ ਨਿਰਮਲ ਹੋ ਜਾਂਦੀ ਹੈ। ਇਉਂ ਜਾਪਦਾ ਹੈ, ਇਹ ਸੈਰ ਨਹੀਂ, ਤੁਰਦੀ-ਫਿਰਦੀ ਟਕਸਾਲ ਹੈ, ਜਿਸ ਵਿੱਚ ਪੈ ਕੇ ਸੁਰਤਿ, ਮੱਤ ਤੇ ਬੁੱਧੀ ਘੜੇ ਜਾਂਦੇ ਹਨ ਤੇ ਟਕਸਾਲੀ ਬਣ ਜਾਂਦੇ ਹੈ, ਖਰੇ ਸਿੱਕੇ ਵਾਂਗ ਹਰ ਥਾਂ ਚੱਲ ਸਕਦੇ ਹਨ। ਸ਼ਾਮ ਦੀ ਸੈਰ ਤੁਹਾਨੂੰ ਹਲਕਾ-ਫੁਲਕਾ ਕਰ ਦਿੰਦੀ ਹੈ। ਦਿਨ ਦੀ ਥਕਾਨ ਲਾਹੁੰਦੀ ਹੈ ਤੇ ਪੈਣ ਵਾਲੀ ਰਾਤ ਲਈ ਸੁਖਾਸਨ ਤਿਆਰ ਕਰਦੀ ਹੈ। ਤੁਸੀਂ ਤਰੋਤਾਜ਼ਾ ਹੋ ਕੇ ਮੁੜ ਕੰਮ ਵਿੱਚ ਜੁੱਟ ਸਕਦੇ ਹੋ, ਰੱਜ ਕੇ ਭੋਜਨ ਛਕ ਸਕਦੇ ਹੋ, ਮਿੱਠੀ ਨੀਂਦ ਸੌਂ ਸਕਦੇ ਹੋ, ਲਾਲਚੀ ਡਾਕਟਰ ਨੂੰ ਆਪਣੇ ਤੋਂ ਪਰ੍ਹਾਂ ਰੱਖ ਸਕਦੇ ਹੋ।

ਪ੍ਰਸ਼ਨ 1. ਸ਼ਾਮ ਦੀ ਸੈਰ ਦੇ ਕਿਹੜੇ ਖ਼ਾਸ ਲਾਭ ਹੁੰਦੇ ਹਨ ?

A. ਬੁੱਧੀ ਨਿਰਮਲ ਹੋ ਜਾਂਦੀ ਹੈ। B ਦਿਮਾਗ ਉਜਲ ਨਹੀਂ ਹੁੰਦਾ C ਭੋਜਨ ਨਹੀਂ ਛਕ ਸਕਦੇ D. ਕੋਈ ਲਾਭ ਨਹੀਂ ਹੁੰਦਾ

ਪ੍ਰਸ਼ਨ 2.. ਕਥਨ-ਸ਼ਾਮ ਦੀ ਸੈਰ ਨੂੰ ਸਵਾਸਥ-ਵਰਧਕ ਕਹਿੰਦੇ ਹਨ।

ਕਾਰਨ-ਕਿਉਂਕਿ ਇਸ ਨਾਲ਼ ਦਿਮਾਗ ਤੇ,ਬੁੱਧੀ ਨਿਰਮਲ ਨਹੀਂ ਹੁੰਦੀ ਹੈ।

A. ਕਾਰਨ ਕਥਨ ਦੀ ਸਹੀ ਵਿਆਖਿਆ ਨਹੀਂ ਕਰ ਰਿਹਾ B ਕਥਨ ਦੇ ਕਾਰਨ ਦੋਨੋਂ ਸਹੀ ਹਨ C. ਕਥਨ ਤੇ ਕਾਰਨ ਦੋਵੇਂ ਗਲਤ ਹਨ D. ਕਾਰਨ ਸਹੀ ਹੈ ਪਰ ਕਥਨ ਗਲਤ ਹੈ

ਪ੍ਰਸ਼ਨ 3. ਪੈਰੇ ਦਾ ਢੁਕਵਾਂ ਸਿਰਲੇਖ ਲਿਖੋ।

ਪ੍ਰਸ਼ਨ 2-ਤੱਥ ਸ਼ਬਦ ਦਾ ਅੰਗਰੇਜ਼ੀ ਵਿੱਚ ਅਨੁਵਾਦ ਕਰੋ।

ਪ੍ਰਸ਼ਨ-3-ਇੰਟਰਨੈਟ ਗਿਆਨ ਦਾ ਸਾਧਨ ਹੈ ਕਿਵੇਂ?

ਪ੍ਰਸ਼ਨ-4 ਬੱਚਿਆਂ ਨੇ ਪਿਤਾ ਜੀ ਲਈ ਸਕੂਟਰ ਕਿਵੇਂ ਖਰੀਦਿਆ?

ਪ੍ਰਸ਼ਨ-5 ਬਰਸਾਤ ਦੀ ਰੁੱਤ ਕਦੋਂ ਸ਼ੁਰੂ ਹੁੰਦੀ ਹੈ ਦੇਸੀ ਮਹੀਨਿਆਂ ਅਨੁਸਾਰ ਦੱਸੋ?

ਪ੍ਰਸ਼ਨ 6-ਸਮਾਨਾਰਥਕ ਸ਼ਬਦ ਲਿਖੋ- ਤਬਦੀਲੀ,ਤਿੱਖੀਆਂ, ,ਊਣਾ

ਪ੍ਰਸ਼ਨ 7.-ਵਾਕ ਦੀ ਲਿੰਗ ਬਦਲੀ ਕਰੋ-

ਕਬੂਤਰ ਤੇ ਤੋਤਾ ਸਭ ਨੂੰ ਚੰਗੇ ਲੱਗਦੇ ਹਨ।

ਪ੍ਰਸ਼ਨ-8.ਮੁਰੀਦ ਸ਼ਬਦ ਦਾ ਵਿਰੋਧੀ ਸ਼ਬਦ ਦੱਸੋ?

ਪ੍ਰਸ਼ਨ-9. ਸ਼ਬਦ ਅਰਥ - ਝੁਲਸਾਉਣਾ, ਅਜ਼ਮਾਉਣਾ

ਪ੍ਰਸ਼ਨ-10. ਸ਼ਬਦਾਂ ਦੇ ਸ਼ੁੱਧ ਰੂਪ ਲਿਖੋ- ਇਸਾ, ਸੋਦ , ਟਾਲੇਆ

ਪ੍ਰਸ਼ਨ-11. ਕੋਈ ਦੋ- ਦੋ ਅਗੇਤਰ ਸ਼ਬਦ ਲਿਖੋ - ਨਾ,ਅ